| | | |
|---|---|---|
| | **ਏ.ਸੀ.ਪੀ ਕੇਸਿਜ਼** | |
| 3.1 | ਏ.ਸੀ.ਪੀ. ਕੇਸਿਜ਼ ਵਿਚ ਪਿਛਲੇ ਕਿਨੇ ਸਮੇਂ ਦਾ ਰਿਕਾਰਡ ਵੇਖਿਆ ਜਾਣਾ ਹੈ । | ਉਚੇਰੇ ਸਕੇਲਾਂ ਵਿਚ ਪਲੇਸਮੈਂਟ, ਪ੍ਰਵੀਨਤਾ ਤਰੱਕੀ ਅਤੇ ਤਰੱਕੀ ਦੇ ਕੇਸਾਂ ਵਿਚ ਪਿਛਲੇ 5 ਸਾਲ ਦੀਆਂ ਗੁਪਤ ਰਿਪੋਰਟਾਂ ਹੀ ਵੇਖੀਆਂ ਜਾਣੀਆਂ ਹਨ । ਪੱਤਰ ਨੰਬਰ 7/45/95-5 ਪੀ.ਪੀ.1/15394 ਮਿਤੀ 21.7.1997 |
| 3.2 | ਏ.ਸੀ.ਪੀ. ਕੇਸਾਂ ਵਿਚ ਗੁਪਤ ਰਿਪੋਰਟਾਂ ਸਬੰਧੀ ਹਦਾਇਤਾ ਦਸੀਆਂ ਜਾਣ । | ਏ.ਸੀ.ਪੀ. ਦੇ ਕੇਸਾਂ ਦਾ ਫੈਸਲਾ ਕਰਨ ਲਈ ਕੁਲ ਗੁਪਤ ਰਿਪੋਰਟਾਂ ਵਿਚੋਂ 50 % ਵਧੀਆ ਅਤੇ ਪਿਛਲੀਆਂ ਤਿੰਨ ਵਿਚੋ ਦੋ ਵਧੀਆ ਹੋਣ ਤੇ ਬਾਕੀ ਰਿਪੋਰਟ ਐਵਰੇਜ਼ ਹੋਣ ਤਾਂ ਹੀ ਏ.ਸੀ.ਪੀ ਦਾ ਲਾਭ ਦਿੱਤਾ ਜਾ ਸਕਦਾ ਹੈ । 7/1/99/-5 ਪੀ.ਪੀ.1/395 ਮਿਤੀ 10.1.2000 |
| 3.3 | ਕੀ ਦਰਜਾ ਤਿੰਨ ਅਤੇ ਚਾਰ ਕਰਮਚਾਰੀਆਂ ਦੇ ਏ.ਸੀ.ਪੀ. ਦੇ ਕੇਸਾਂ ਵਿਚ ਵੀ ਪੰਜਾਬ ਸਰਕਾਰ ਦੀਆਂ ਹਦਾਇਤਾਂ ਮਿਤੀ 10.1.2000 ਲਾਗੂ ਹਨ । | ਜੀ ਹਾਂ ਦਰਜਾ ਤਿੰਨ ਜਾਂ ਚਾਰ ਕਰਮਚਾਰੀਆਂ ਦੇ ਕੇਸਾਂ ਵਿਚ ਵੀ ਪੰਜਾਬ ਸਰਕਾਰ ਦੀਆਂ ਹਦਾਇਤਾਂ ਮਿਤੀ 10.1.2000 ਲਾਗੂ ਸਨ ਪ੍ਰੰਤੂ ਮਿਤੀ 15.12.2006 ਨੂੰ ਹੋਈ ਸੋਧ ਅਨੁਸਾਰ ਗਰੁਪ ਸੀ ਅਤੇ ਡੀ ਲਈ ਪ੍ਰਵੀਨਤਾ ਤਰੱਕੀ ਦੇਣ ਲਈ ਉਪਰੋਕਤ ਹਦਾਇਤਾਂ ਲਾਗੂ ਨਹੀਂ ਹਨ। ਉਨਾਂ ਲਈ ਪ੍ਰਵੀਨਤਾ ਤਰੱਕੀ ਦੇਣ ਲਈ ਉਹੀ ਵਿਧੀ ਅਪਣਾਈ ਜਾਵੇ ਜਿਹੜੀ ਉਨਾਂ ਦੀ ਤਰੱਕੀ ਲਈ ਆਪਣਾਈ ਜਾਂਦੀ ਹੈ। ਇਹ ਹਦਾਇਤਾਂ ਪੱਤਰ ਦੇ ਜਾਰੀ ਹੋਣ ਦੀ ਮਿਤੀ ਤੋਂ ਲਾਗੂ ਸਮਝੀਆਂ ਜਾਣਗੀਆਂ ।ਪੱਤਰ ਨੰਬਰ 7/1/99-5 ਪੀ.ਪੀ-1/8265 ਮਿਤੀ 15.12.2006 |
| 3.4 | ਅਸਧਾਰਣ ਛੁਟੀ / ਮੁਅਤਲੀ ਸਮਾਂ ਪ੍ਰਵੀਨਤਾ ਤਰੱਕੀ ਲਈ ਗਿਣਿਆ ਜਾਵੇਗਾ ਜਾਂ ਨਹੀਂ । | ਅਸਧਾਰਨ ਛੁੱਟੀ / ਮੁਅਤਲੀ ਦਾ ਸਮਾਂ ਜਿਹੜਾ ਸਾਲਾਨਾ ਤਰੱਕੀ ਲਈ ਡਿਊਟੀ ਨਹੀਂ ਮੰਨਿਆ ਗਿਆ ਉਹ ਸਮਾਂ ਪ੍ਰਵੀਨਤਾ ਤਰੱਕੀ ਲਈ ਨਹੀਂ ਗਿਣਿਆ ਜਾਵੇਗਾ । ਨੰਬਰ 7/42/97-5ਪੀ.ਪੀ. 1 /2836 ਮਿਤੀ 02.03.2001 |
| 3.5 | ਪ੍ਰਵੀਨਤਾ ਤਰੱਕੀ / ਸਿਲੈਕਸ਼ਨ ਗਰੇਡ ਦੇਣ ਦੇ ਕੇਸਾਂ ਵਿਚ ਐਡਾਹਕ ਸੇਵਾ ਦਾ ਸਮਾਂ ਗਿਣਿਆ ਜਾਵੇਗਾ ਜਾਂ ਨਹੀਂ । | ਪ੍ਰਵੀਨਤਾ ਤਰੱਕੀ/ ਸਿਲੈਕਸ਼ਨ ਸਕੇਲ ਦੇ ਕੇਸਾਂ ਵਿਚ ਸਿਰਫ ਰੈਗੂਲਰ ਸੇਵਾ ਗਿਣਦੇ ਹੋਏ ਲਾਭ ਦਿੱਤੇ ਜਾਣੇ ਹਨ। ਇਹ ਹਦਾਇਤਾਂ ਪੱਤਰ ਜਾਰੀ ਹੋਣ ਦੀ ਮਿਤੀ ਤੋਂ ਲਾਗੂ ਹਨ ਪਿਛਲੇ ਕੇਸਾਂ ਵਿਚ ਏ.ਸੀ.ਪੀ.ਦਾ ਲਾਭ ਦੁਬਾਰਾ ਠੀਕ ਕਰਨ ਤੇ ਇਸ ਪੱਤਰ ਦੇ ਜਾਰੀ ਹੋਣ ਤੋਂ ਪਹਿਲਾਂ ਕੋਈ ਰਿਕਵਰੀ ਨਹੀਂ ਕੀਤੀ ਜਾਵੇਗੀ । ਪੱਤਰ 7/80/99-5ਪੀ.ਪੀ.-1/9395 ਮਿਤੀ 21.6.2001 |
| 3.6 | ਜੇਕਰ ਕਿਸੇ ਕਰਮਚਾਰੀ ਨੂੰ ਸੀਨੀਅਰ ਗਰੇਡ ਜਾਂ ਸਿਲੈਕਸ਼ਨ ਗਰੇਡ ਮਿਲਣ ਕਾਰਨ ਤਨਖਾਹ ਵਿਚ ਲਾਭ ਹੋਇਆ ਹੋਵੇ ਤਾਂ ਸੀਨੀਅਰ ਗਰੇਡ ਜਾਂ ਸਲੈਕਸ਼ਨ ਗਰੇਡ ਦੇਣ ਸਬੰਧੀ ਕੀ ਹਦਾਇਤਾਂ ਹਨ ? | ਸਲੈਕਸ਼ਨ ਗਰੇਡ / ਸੀਨੀਅਰ ਗਰੇਡ ਮਿਲਣ ਕਾਰਨ ਜੇਕਰ ਇੱਕ ਜਾਂ ਇੱਕ ਤੋਂ ਵਧ ਸਲਾਨਾ ਤਰੱਕੀ ਦਾ ਲਾਭ ਹੋਇਆ ਹੈ ਤਾਂ ਸਿਲੈਕਸ਼ਨ ਗਰੇਡ ਤੋਂ ਪਹਿਲੀ ਸੇਵਾ ਏ.ਸੀ.ਪੀ. ਲਈ ਨਹੀਂ ਗਿਣੀ ਜਾਵੇਗੀ । 7/25/2003-5 ਪੀ.ਪੀ. 1/3586 ਮਿਤੀ 5.10.06 |
| 3.7 | ਸੀਨੀਅਰ ਕਲਰਕ / ਜੁਨੀਅਰ ਸਹਾਇਕ ਨੂੰ 4-9/14 ਏ.ਸੀ.ਪੀ. ਦੇਣ ਸਮੇਂ ਉਸ ਦੇ ਮੌਜੂਦਾ ਸਕੇਲ ਤੋਂ ਅਗਲਾ ਸਕੇਲ ਮਿਲਣ ਯੋਗ ਹੈ ਜਾਂ ਨਹੀਂ ? | ਸੀਨੀਅਰ ਕਲਰਕ/ ਜੁਨੀਅਰ ਸਹਾਇਕ ਨੂੰ ਏ.ਸੀ.ਪੀ. ਸਮੇ ਅਗਲਾ ਉਚੇਰਾ ਸਕੇਲ ਨਹੀਂ ਦਿੱਤਾ ਜਾਣਾ। ਉਸ ਨੂੰ ਉਸੇ ਪ੍ਰੋਟੈਕਟਡ ਸਕੇਲ ਵਿਚ ਹੀ ਰਖਣਾ ਹੈ। 7/119/2001-5 ਪੀ.ਪੀ. /7785 ਮਿਤੀ 25.5.06 |
| 3.8 | 4-9-14 ਏ.ਸੀ.ਪੀ. ਸਕੀਮ ਮਿਤੀ 1.11.2006 ਤੋਂ ਲਾਗੂ ਕੀਤੀ ਗਈ ਸੀ ਇਸ ਸਕੀਮ ਨੂੰ ਕੁੱਝ ਕਰਮਚਾਰੀਆਂ ਵਲੋਂ ਉਸ ਸਮੇਂ ਨਹੀਂ ਅਪਣਾਇਆ ਗਿਆ ਕੀ ਬਾਅਦ ਵਿਚ ਵੀ ਇਸ ਸਕੀਮ ਨੂੰ ਅਪਣਾਇਆ ਜਾ ਸਕਦਾ ਹੈ । | ਇਸ ਸਕੀਮ ਨੂੰ ਜਿਨਾਂ ਕਰਮਚਾਰੀਆਂ ਨੇ ਨਹੀਂ ਅਪਣਾਇਆ ਸੀ ਉਨਾਂ ਨੂੰ ਪੱਤਰ ਨੰਬਰ 7/70/09-5 ਪੀ.ਪੀ.1 /748 ਮਿਤੀ 3.2.2010 ਰਾਹੀਂ ਦੁਬਾਰਾ ਆਪਸ਼ਨ ਦਾ ਮੌਕਾ ਦਿੱਤਾ ਗਿਆ । ਪੱਤਰ ਜਾਰੀ ਹੋਣ ਤੋਂ 3 ਮਹੀਨੇ ਦੇ ਅੰਦਰ ਅੰਦਰ ਕਰਮਚਾਰੀ ਇਸ ਸਕੀਮ ਨੂੰ ਅਪਉਣ ਲਈ ਆਪਸ਼ਨ ਦੇ ਸਕਦਾ ਸੀ । |
| 3.9 | ਜਿੰਨਾਂ ਕੇਸਾਂ ਵਿਚ ਮਿਤੀ 1.1.2006 ਤੋਂ ਬਾਅਦ ਸਕੇਲ ਰੀ-ਰੀਵਾਈਜ ਕੀਤੇ ਗਏ ਹਨ ਉਨਾਂ ਕੇਸਾਂ ਵਿਚ ਏ.ਸੀ.ਪੀ.ਦੇਣ ਸਮੇਂ ਅਗਲੀ ਗਰੇਡ ਪੇ ਦਿੱਤੀ ਜਾਣੀ ਹੈ ਜਾਂ ਨਹੀਂ । | ਇਸ ਤਰਾਂ ਦੇ ਕੇਸਾਂ ਵਿਚ ਸਰਕਾਰ ਵਲੋਂ ਕਲੈਰੀਫੀਕੇਸ਼ਨ ਆਉਣ ਦੀ ਸੰਭਾਵਨਾ ਹੈ। ਇਸ ਲਈ ਫਿਲਹਾਲ ਅਗਲੀ ਗਰੇਡ ਪੇ ਨਾ ਦਿੱਤੀ ਜਾਵੇ । |
| 3.10 | ਕ੍ਰਿਪਾ ਕਰਕੇ ਇਹ ਦੱਸਿਆ ਜਾਵੇ ਕਿ ਜਿਹਨਾਂ ਕਰਮਚਾਰੀਆਂ ਦੇ ਸਕੇਲ ਮਿਤੀ 01.01.2006 ਤੋਂ | ਪੰਜਾਬ ਸਰਕਾਰ ਵਲੋਂ ਜਾਰੀ ਏ.ਸੀ.ਪੀ. ਸਕੀਮ ਰੋਕਣ ਸਬੰਧੀ ਕੋਈ ਹੁਕਮ ਜਾਰੀ ਨਹੀਂ ਕੀਤੇ ਗਏ ਇਸ ਲਈ 4-9.14 ਏ.ਸੀ.ਪੀ. ਦਾ ਲਾਭ ਦਿੱਤਾ ਜਾ ਸਕਦਾ ਹੈ। ਮਿਤੀ 1.12.2011 ਨੂੰ ਰੀ- ਰਵੀਜਨ ਕਾਰਨ |

| | | |
|---|---|---|
| | ਬਾਅਦ 01.12.2011 ਨੂੰ ਦੁਬਾਰਾ ਰੀ-ਰੀਵਾਇਜ਼ਡ ਕੀਤੇ ਗਏ ਹਨ, ਕੀ ਉਹਨਾਂ ਕੇਸਾਂ ਵਿੱਚ ਮਿਤੀ 01.12.2011 ਤੋਂ ਬਾਅਦ 4-9-14 ਦਾ ਲਾਭ ਦਿੱਤਾ ਜਾ ਸਕਦਾ ਹੈ? | ਗਰੇਡ ਪੇ ਵਿਚ ਵਾਧਾ ਹੋਇਆ ਹੈ ਇਸ ਲਈ ਇਸ ਮਿਤੀ ਤੋਂ ਬਾਅਦ 4-9-14 ਦੇਣ ਸਮੇਂ ਅਗਲੀ ਗਰੇਡ ਪੇ ਦਿੱਤੇ ਜਾਣ ਸਬੰਧੀ ਸਰਕਾਰ ਵਲੋਂ ਕਲੈਰੀਫੀਕੇਸ਼ਨ ਦੀ ਉਡੀਕ ਕੀਤੀ ਜਾ ਰਹੀ ਹੈ ਇਸ ਲਈ ਕਲੈਰੀਫੀਕੇਸ਼ਨ ਆਉਣ ਤੱਕ ਏ.ਸੀ.ਪੀ. ਦੇਣ ਸਮੇਂ ਅਗਲੀ ਗਰੇਡ ਪੇ ਫਿਲਹਾਲ ਨਾਂ ਦਿੱਤੀ ਜਾਵੇ । |